**ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਵੱਲੋ ਪਿੰਡ ਬਾਗੀਆ, ਕੰਨੀਆ ਹੁਸੈਨੀ ਅਤੇ ਹਿਆਤੇਵਾਲ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ, ਪੰਜਾਬ ਵਿਖੇ 45.14 ਹੈਕਟੇਅਰ ਰਕਬੇ ਵਿੱਚੋ 3,07,401 ਟਨ ਪ੍ਰਤੀ ਸਾਲ ਦੇ ਹਿਸਾਬ ਨਾਲ ਰੇਤ ਮਾਈਨਿੰਗ ਕਰਨ ਲਈ ਲਗਾਈ ਅਰਜੀ ਸਬੰਧੀ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਹੋਈ ਜਨਤਕ ਸੁਣਵਾਈ ਦੀ ਕਾਰਵਾਈ।**

ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੋਜੂਦ ਸਨ:

1) ਸ੍ਰੀ ਗੁਰਬੀਰ ਸਿੰਘ ਕੋਹਲੀ,
ਉਪ-ਮੰਡਲ ਮਜਿਸਟ੍ਰੇਟ,
ਜਗਰਾਓ।

2) ਇੰਜੀ: ਰਾਜਪਾਲ ਗਿੱਲ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ —3, ਲੁਧਿਆਣਾ।

3) ਸ੍ਰੀ ਰਾਜਵੀਰ ਸਿੰਘ,
ਫੰਕਸ਼ਨਲ ਮੈਨੇਜਰ,
ਜ਼ਿਲ੍ਹਾ ਉਦਯੋਗਿਕ ਕੇਂਦਰ,
ਲੁਧਿਆਣਾ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ —3, ਲੁਧਿਆਣਾ ਨੇ ਸੁਪਰਵਾਈਜ਼ਿੰਗ—ਕਮ—ਪ੍ਰੀਜ਼ਾਈਡਿੰਗ ਅਧਿਕਾਰੀ ਅਤੇ ਨਾਲ ਲੱਗਦੇ ਪਿੰਡਾਂ ਤੋ ਆਏ ਲੋਕਾ ਦਾ ਸਵਾਗਤ ਕੀਤਾ, ਜੋ ਕਿ ਇਸ ਪ੍ਰਾਜੈਕਟ ਦੀ ਜਨਤਕ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਦੁਆਰਾ ਪਿੰਡ ਬਾਗੀਆਂ, ਕੰਨੀਆਂ ਹੁਸੈਨੀ ਅਤੇ ਹਿਆਤਵਾਲ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ ਵਿਖੇ ਸਤਲੁਜ਼ ਦਰਿਆ ਵਿੱਚੋਂ ਰੇਤੇ ਦੀ ਨਿਕਾਸੀ ਲਈ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਨਵੀਂ ਦਿੱਲੀ ਦੇ ਦਫ਼ਤਰ ਵਿੱਚ ਈ.ਆਈ.ਏ ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਲਈ ਬਿਨੈ ਪੱਤਰ ਦਾਇਰ ਕੀਤਾ ਹੈ।

ਇਸ ਤੋਂ ਬਾਅਦ, ਉਨ੍ਹਾਂ ਨੇ ਹਰਮਨਪ੍ਰੀਤ ਕੋਰ, ਕੰਨਸਲਟੈਂਟ, ਮੈਸਰਜ਼ ਈਕੋ ਪਰਿਆਵਰਨ ਲੈਬਾਰਟਰੀਜ਼ ਕੰਸਲਟੈਂਟਸ ਪ੍ਰਾਈਵੇਟ ਲਿਮਿਟੇਡ ਨੂੰ ਪ੍ਰਾਜੈਕਟ ਬਾਰੇ ਸੰਖੇਪ ਜਾਣਕਾਰੀ ਦੇਣ ਦੀ ਬੇਨਤੀ ਕੀਤੀ। ਹਰਮਨਪ੍ਰੀਤ ਕੋਰ, ਕੰਨਸਲਟੈਂਟ, ਨੇ ਤਜ਼ਵੀਜਤ ਪ੍ਰੋਜੈਕਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:—

Rajbir Singh

- ਸਾਈਟ ਦਾ ਕੁੱਲ ਰਕਬਾ 45.14 ਹੈਕਟੇਅਰ ਹੈ ਅਤੇ ਇਸ ਵਿੱਚੋਂ ਪ੍ਰਸਤਾਵਿਤ ਮਾਈਨਿੰਗ ਦਾ ਰਕਬਾ 39.36 ਹੈਕਟੇਅਰ ਹੈ।
- ਰੇਤ ਦੀ ਖੁਦਾਈ ਤਿੰਨ ਸਾਲਾਂ ਵਿੱਚ ਕੀਤੀ ਜਾਵੇਗੀ ਅਤੇ ਰੇਤ ਦੀ ਖੁਦਾਈ ਦੀ ਸਮਰੱਥਾ 3,07,401 ਟਨ ਪ੍ਰਤੀ ਸਾਲ ਹੈ।
- ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫ਼ਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) SEIAA ਦੇ ਪੱਤਰ ਨੰਬਰ SEIAA/MS/2023/1742 ਮਿਤੀ 10 ਅਕਤੂਬਰ 2023 ਦੁਆਰਾ ਜਾਰੀ ਕੀਤਾ ਗਿਆ ਸੀ। ਇਹ ਜਨਤਕ ਸੁਣਵਾਈ ਈ.ਆਈ.ਏ. ਨੋਟੀਫਿਕੇਸ਼ਨ, 2006 ਦੇ ਤਹਿਤ ਕੀਤੀ ਜਾ ਰਹੀ ਹੈ।
- ਕੋਈ ਵਾਈਲਡ ਲਾਈਫ ਸੈਨਚੂਰੀ, ਪੁਰਾਤੱਤਵ ਵਿਭਾਗ ਦੀ ਰੱਖ ਰਖਾਵ ਵਾਲਾ ਸਥਾਨ, ਰਾਖਵਾਂ/ਸੁਰੱਖਿਅਤ ਜੰਗਲ ਅਤੇ ਇਤਿਹਾਸਿਕ ਮਹੱਤਤਾ ਵਾਲੀ ਜਗ੍ਹਾ ਸਾਈਟ ਦੇ ਨੇੜੇ ਨਹੀ ਆਉਂਦੀ ਹੈ।
- ਮਾਈਨਿੰਗ ਲਈ ਮਸ਼ੀਨਰੀ ਦੀ ਵਰਤੋ ਕੀਤੀ ਜਾਵੇਗੀ ਅਤੇ ਮਾਈਨਿੰਗ ਲਈ 04 ਐਕਸੈਵੇਟਰਾਂ (0.9 $m^3$ ਜਾਂ ਇਸ ਤੋਂ ਵੱਧ ਸਮਰੱਥਾ ਵਾਲੇ) ਦੀ ਵਰਤੋਂ ਕੀਤੀ ਜਾਵੇਗੀ। ਨੇੜੇ ਦੇ ਪਿੰਡਾਂ ਤੋਂ ਹੁਨਰਮੰਦ/ਅਰਧ-ਹੁਨਰਮੰਦ/ਅਣ-ਹੁਨਰਮੰਦ ਕਾਮੇ ਰੱਖੇ ਜਾਣਗੇ। ਮਾਈਨਿੰਗ ਸਿਰਫ ਦਿਨ ਵੇਲੇ ਹੀ ਕੀਤੀ ਜਾਵੇਗੀ।
- ਖਣਨ ਕੀਤੀ ਗਈ ਰੇਤ ਦੀ ਢੋਆ ਢੁਆਈ ਲਈ 10 ਟਨ ਸਮਰੱਥਾ ਦੇ 38 ਡੰਪਰਾਂ ਦੀ ਵਰਤੋ ਕੀਤੀ ਜਾਵੇਗੀ। ਆਵਾਜਾਈ ਵਾਲੇ ਰਸਤੇ ਉੱਪਰ ਪਾਣੀ ਦਾ ਛਿੜਕਾਅ ਕੀਤਾ ਜਾਵੇਗਾ।
- ਪ੍ਰੋਜੈਕਟ ਦੀ ਕੁੱਲ ਲਾਗਤ 12.91 ਕਰੋੜ ਹੈ, ਜਿਸ ਵਿੱਚੋਂ 13.83 ਲੱਖ ਰੁਪਏ ਵਾਤਾਵਰਣ ਦੇ ਕੰਮਾਂ ਲਈ ਲਈ ਰਾਖਵੇਂ ਰੱਖੇ ਗਏ ਹਨ ਅਤੇ ਪ੍ਰੋਜੈਕਟ ਖੇਤਰ ਦੇ ਆਲੇ ਦੁਆਲੇ ਗ੍ਰੀਨ ਬੈਲਟ ਦੇ ਵਿਕਾਸ ਲਈ 22.57 ਲੱਖ ਰੁਪਏ ਵੀ ਰਾਖਵੇਂ ਰੱਖੇ ਗਏ ਹਨ।
- ਪ੍ਰੋਜੈਕਟ ਵਿੱਚ ਪਾਣੀ ਦੀ ਕੁੱਲ ਲਾਗਤ 7.0 ਕਿਲੋ ਲੀਟਰ ਪ੍ਰਤੀ ਦਿਨ ਹੈ, ਜਿਸ ਵਿੱਚੋਂ 5.0 ਕਿਲੋ ਲੀਟਰ ਪ੍ਰਤੀ ਦਿਨ ਪਾਣੀ ਛਿੜਕਾਅ ਲਈ ਅਤੇ 2.0 ਕਿਲੋ ਲੀਟਰ ਪ੍ਰਤੀ ਦਿਨ ਸਾਈਟ ਉਪਰ ਘਰੇਲੂ ਲੋੜਾ ਲਈ ਵਰਤਿਆ ਜਾਵੇਗਾ।
- ਪ੍ਰੋਜੈਕਟ ਦੇ 10 ਕਿਲੋਮੀਟਰ ਖੇਤਰ ਦੇ ਅੰਦਰ ਪੰਜ ਸਥਾਨਾਂ ਤੇ ਹਵਾ ਦੀ ਗੁਣਵੱਤਾ ਦੀ ਚੈਕਿੰਗ ਕੀਤੀ ਗਈ ਹੈ ਜਿਸ ਮੁਤਾਬਿਕ ਪੀਐਮ 10, ਪੀਐਮ 2.5, ਸਲਫਰ ਡਾਈਆਕਸਾਈਡ, ਨਾਈਟਰੋਜਨ ਡਾਈਆਕਸਾਈਡ ਦੀ ਗੁਣਵੱਤਾ ਨਿਰਧਾਰਤ ਮਾਪਦੰਡਾ ਦੇ ਅੰਦਰ ਪਾਈ ਗਈ ਹੈ।
- ਖੇਤਰ ਦੇ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਸ ਅਧਿਐਨ ਅਨੁਸਾਰ, ਧਰਤੀ ਹੇਠਲੇ ਪਾਣੀ ਵਿੱਚ ਕੋਈ ਧਾਤੂ ਅਤੇ ਬੈਕਟੀਰੀਆ ਦਾ ਪ੍ਰਦੂਸ਼ਣ ਨਹੀ ਪਾਇਆ ਗਿਆ ਹੈ, ਹਾਲਾਂਕਿ, ਸਰਫੇਸ ਪਾਣੀ ਵਿੱਚ ਬੈਕਟੀਰੀਆ ਦਾ ਦੂਸ਼ਣ ਪਾਇਆ ਗਿਆ ਹੈ।

ਇਸ ਤੋਂ ਬਾਅਦ, ਸਹਾਇਕ ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਵਾਲੀ ਥਾਂ ਤੇ ਮੌਜੂਦ ਲੋਕਾਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਈ.ਆਈ.ਏ. ਨੋਟੀਫਿਕੇਟ ਦੀ ਮਿਤੀ 14.9.2006 ਦੇ ਅਨੁਸਾਰ ਮੌਜੂਦ ਵਿਅਕਤੀ ਵਾਤਾਵਰਣ ਸਬੰਧੀ ਕੋਈ ਜਾਣਕਾਰੀ ਜਾਂ ਸਪਸ਼ਟੀਕਰਨ ਦੀ ਮੰਗ ਕਰ ਸਕਦੇ ਹਨ। ਉਥੇ ਮੌਜੂਦ ਵਿਅਕਤੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਕਿ ਉਨ੍ਹਾਂ ਦੁਆਰਾ ਮੰਗੀ ਗਈ

ਜਾਣਕਾਰੀ ਜਾਂ ਸਪਸ਼ਟੀਕਰਨ ਅਤੇ ਪ੍ਰਾਜੈਕਟ ਪ੍ਰਸਤਾਵਕ ਵੱਲੋਂ ਦਿੱਤੇ ਗਏ ਜਵਾਬ ਸੁਣਵਾਈ ਦੀ ਕਾਰਵਾਈ ਵਿੱਚ ਦਰਜ ਕੀਤ ਜਾਵੇਗਾ, ਜਿਸ ਨੂੰ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲੇ ਨੂੰ ਭੇਜਿਆ ਜਾਵੇਗਾ। ਸੁਣਵਾਈ ਵਿੱਚ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਉਹ ਇੱਕ —ਇੱਕ ਕਰਕੇ ਪ੍ਰੋਜੈਕਟ ਬਾਰੇ ਵਾਤਾਵਰਣ ਸਬੰਧੀ ਜਾਣਕਾਰੀ ਜਾਂ ਸਪਸ਼ਟੀਕਰਨ ਲੈਣ ਲਈ ਕਿਹਾ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਕੋਲ ਅਜੇ ਤੱਕ ਪ੍ਰਾਜੈਕਟ ਬਾਰੇ ਕੋਈ ਜਾਣਕਾਰੀ / ਸਪਸ਼ਟੀਕਰਨ / ਟਿਪਣੀਆਂ / ਵਿਚਾਰ / ਸੁਝਾਅ / ਇਤਰਾਜ਼ ਜਨਤਾ ਪਾਸੋਂ ਪ੍ਰਾਪਤ ਨਹੀਂ ਹੋਏ ਹਨ।

ਇਸ ਤੋਂ ਬਾਅਦ, ਸੁਣਵਾਈ ਦੇ ਸਥਾਨ ਤੇ ਮੌਜੂਦ ਵਿਅਕਤੀਆਂ ਦੁਆਰਾ ਮੰਗੀ ਗਈ ਜਾਣਕਾਰੀ / ਸਪਸ਼ਟੀਕਰਨ ਦਾ ਵੇਰਵਾ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਦਿੱਤਾ ਜਵਾਬ ਇਸ ਪ੍ਰਕਾਰ ਹੈ:

1. **ਸ਼੍ਰੀ ਮਨਰਾਜਵੰਤ ਸਿੰਘ ਪੁੱਤਰ ਸ਼੍ਰੀ ਗੁਰਚਰਨ ਸਿੰਘ ਵਾਸੀ ਪਿੰਡ ਕੰਨੀਆਂ ਹੁਸੈਨੀ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ।**

   **ਸਵਾਲ:**

   ਸਰਕਾਰ ਦੀ ਪਾਲਿਸੀ ਬਾਰੇ ਸਾਨੂੰ ਚੰਗੀ ਤਰ੍ਹਾਂ ਜਾਣੂ ਕਰਵਾਇਆ ਗਿਆ। ਇਹ ਦੱਸਿਆ ਜਾਵੇ ਕਿ ਰੋਡ ਮੈਪ ਅਨੁਸਾਰ ਰੋਡ ਦੀ ਚੌੜਾਈ ਕਿੰਨੀ ਹੈ। ਸਕੂਲ ਟਾਈਮ ਟਿੱਪਰ ਬੰਦ ਕੀਤੇ ਜਾਣ ਕਿਉਂਕਿ ਖੱਡ ਤੋਂ ਗਿੱਦੜਵਿੰਡੀ ਵੱਲ ਦੀ ਟਿੱਪਰ ਜਾਂਦੇ ਹਨ ਅਤੇ ਇਸੇ ਰਸਤੇ ਉੱਪਰ ਹੀ ਸਕੂਲ ਹੈ। ਰਸਤੇ ਦੀ ਹਾਲਤ ਬਹੁਤ ਖਰਾਬ ਹੈ। ਰੇਤਾ ਗਿੱਲਾ ਹੁੰਦਾ ਹੈ ਜਿਸ ਕਾਰਨ ਰੋਡ ਟੁੱਟਦੀ ਹੈ। ਰੇਤੇ ਦਾ ਰੇਟ ਕੀ ਹੋਵੇਗਾ ਅਤੇ ਲੇਬਰ ਦਾ ਰੇਟ ਕੀ ਹੋਵੇਗਾ।

   **ਸ਼੍ਰੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਅਤੇ ਹਰਮਨਪ੍ਰੀਤ ਕੌਰ, ਕੰਨਸਲਟੈਂਟ ਦਾ ਜਵਾਬ:**

   ਖੱਡ ਤੋਂ ਟਿੱਪਰਾਂ ਦੇ ਜਾਣ ਲਈ ਵੱਖਰੇ ਵੱਖਰੇ ਰੋਡ ਮੈਪ ਤਿਆਰ ਕੀਤੇ ਗਏ ਹਨ। ਟਿੱਪਰ ਪਿੰਡ ਦੀ ਫਿਰਨੀ ਤੋਂ ਨਾ ਲਿਜਾ ਕੇ ਬਾਹਰੋ ਬਾਹਰ ਲਿਜਾਏ ਜਾਣਗੇ। 10 ਟਨ ਦੀ ਸਮਰੱਥਾ ਵਾਲੇ ਟਿੱਪਰ ਹੀ ਵਰਤੇ ਜਾਣਗੇ, ਜਿਹਨਾਂ ਦੀ ਚੌੜਾਈ ਘੱਟ ਹੁੰਦੀ ਹੈ। ਸਕੂਲ ਟਾਈਮ ਟਿੱਪਰ ਬੰਦ ਰੱਖੇ ਜਾਣਗੇ। ਖੱਡ ਨੂੰ ਕੁੱਲ 07 ਰਸਤੇ ਲਗਦੇ ਹਨ। ਰੇਤਾ ਦਾ ਰੇਟ ਖੱਡ ਉੱਪਰ 5.5 ਰੁਪਏ ਪ੍ਰਤੀ ਘਣਫੁੱਟ ਹੈ ਅਤੇ ਜੀ.ਐਸ.ਟੀ. ਵੱਖਰੀ ਹੋਵੇਗੀ। ਲੇਬਰ ਦੀ ਪੇਮੈਂਟ ਠੇਕੇਦਾਰ ਵੱਲੋਂ ਕੀਤੀ ਜਾਵੇਗੀ।

2. **ਸ਼੍ਰੀ ਗੁਰਵਿੰਦਰ ਸਿੰਘ ਪੁੱਤਰ ਸ਼੍ਰੀ ਗੁਰਤੇਜ਼ ਸਿੰਘ ਵਾਸੀ ਪਿੰਡ ਗਿੱਦੜਵਿੰਡੀ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ।**

   **ਸਵਾਲ:**

   ਟਿੱਪਰਾਂ ਨਾਲ ਉੱਡਣ ਵਾਲੀ ਮਿੱਟੀ ਕਰਕੇ ਸਕੂਲੀ ਬੱਚਿਆਂ ਦੀ ਵਰਦੀ ਖਰਾਬ ਹੁੰਦੀ ਹੈ। ਮਾਈਨਿੰਗ ਉਪਰ ਕੋਈ ਇਤਾਰਜ਼ ਨਹੀਂ ਹੈ ਪਰ ਰੋਡ ਬਣਾਈ ਜਾਵੇ, ਕਿਉਂਕਿ ਰੋਡ ਦੀ ਹਾਲਤ ਬਹੁਤ ਖਰਾਬ ਹੈ। ਜੇਕਰ ਮਾਈਨਿੰਗ ਸੰਬੰਧੀ ਕੋਈ ਸ਼ਿਕਾਇਤ ਕਰਨੀ ਹੋਵੇ ਤਾਂ ਮੋਬਾਇਲ ਨੰਬਰ ਦਿੱਤਾ ਜਾਵੇ।

**ਸ਼੍ਰੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਦਾ ਜਵਾਬ:**

ਸਵਾਲ ਨੋਟ ਕਰ ਲਿਆ ਹੈ। ਸਕੂਲ ਟਾਈਮ ਖੱਡ ਉੱਪਰ ਵਿਭਾਗ ਵੱਲੋਂ ਕੋਈ ਪਰਚੀ ਨਹੀਂ ਕੱਟੀ ਜਾਵੇਗੀ, ਜਿਸ ਕਰਕੇ ਸਕੂਲ ਟਾਈਮ ਟਿੱਪਰ ਖੱਡ ਵਿੱਚੋਂ ਬਾਹਰ ਨਹੀਂ ਆਉਣਗੇ। ਹੈਲਪਲਾਈਨ ਨੰਬਰ ਦਿੱਤਾ ਜਾਵੇਗਾ ਜੋ ਕਿ ਟੋਲ ਫਰੀ ਹੈ।

3. **ਸ਼੍ਰੀ ਗੁਰਦੇਵ ਸਿੰਘ ਪੁੱਤਰ ਸ਼੍ਰੀ ਚੰਦ ਸਿੰਘ ਵਾਸੀ ਪਿੰਡ ਕੰਨੀਆਂ ਹੁਸੈਨੀ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ।**

**ਸਵਾਲ:**

ਸਕੂਲੀ ਬੱਚਿਆਂ ਨੂੰ ਟਿੱਪਰਾਂ ਕਰਕੇ ਬਹੁਤ ਦਿੱਕਤ ਆਉਂਦੀ ਹੈ।

**ਜਵਾਬ:**

ਸਵਾਲ ਦਾ ਜਵਾਬ ਪਹਿਲਾਂ ਹੀ ਦਿੱਤੇ ਜਾਣ ਕਾਰਨ ਦੁਬਾਰਾ ਜਵਾਬ ਨਹੀਂ ਦਿੱਤਾ ਗਿਆ।

4. **ਸ਼੍ਰੀ ਸੁਖਦੇਵ ਸਿੰਘ ਪੁੱਤਰ ਸ਼੍ਰੀ ਦਿਲਬਾਗ ਸਿੰਘ ਵਾਸੀ ਪਿੰਡ ਕੰਨੀਆਂ ਹੁਸੈਨੀ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ।**

**ਸਵਾਲ:**

ਰੋਡ ਚੌੜਾ ਕੀਤਾ ਜਾਵੇ, ਜਿਸ ਕਰਕੇ ਨਾ ਤਾਂ ਸਕੂਲੀ ਬੱਚਿਆਂ ਨੂੰ ਦਿੱਕਤ ਆਵੇਗੀ ਅਤੇ ਖੱਡ ਵੀ ਚੱਲੇਗੀ।

**ਜਵਾਬ:**

ਸਵਾਲ ਦਾ ਜਵਾਬ ਪਹਿਲਾਂ ਹੀ ਦਿੱਤੇ ਜਾਣ ਕਾਰਨ ਦੁਬਾਰਾ ਜਵਾਬ ਨਹੀਂ ਦਿੱਤਾ ਗਿਆ।

5. **ਸ਼੍ਰੀ ਚੰਨਣ ਸਿੰਘ ਪੁੱਤਰ ਸ਼੍ਰੀ ਦਰਬਾਰਾ ਸਿੰਘ ਵਾਸੀ ਪਿੰਡ ਕੰਨੀਆਂ ਹੁਸੈਨੀ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ।**

**ਸਵਾਲ:**

ਕੰਮ ਚੱਲਣਾ ਚਾਹੀਦਾ ਹੈ ਕਿਉਂਕਿ ਪਿੰਡ ਦਾ ਮੁੱਖ ਰੁਜ਼ਗਾਰ ਹੈ। ਰੋਡ ਚੌੜਾ ਕੀਤਾ ਜਾਵੇ ਜੀ।

**ਜਵਾਬ:**

ਸਵਾਲ ਦਾ ਜਵਾਬ ਪਹਿਲਾਂ ਹੀ ਦਿੱਤੇ ਜਾਣ ਕਾਰਨ ਦੁਬਾਰਾ ਜਵਾਬ ਨਹੀਂ ਦਿੱਤਾ ਗਿਆ।

ਸਹਾਇਕ ਵਾਤਾਵਰਣ ਇੰਜੀਨੀਅਰ, ਪੀਪੀਸੀਬੀ ਨੇ ਸੁਣਵਾਈ ਵਾਲੇ ਸਥਾਨ ਤੇ ਮੋਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਕੋਈ ਹੋਰ ਵਿਅਕਤੀ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਕੋਈ ਜਾਣਕਾਰੀ/ ਸਪਸ਼ਟੀਕਰਨ ਲੈਣਾ ਚਾਹੁੰਦਾ ਹੈ ਤਾਂ ਅੱਗੇ ਆ ਕੇ ਪੁੱਛ ਸਕਦਾ ਹੈ, ਪਰ ਕੋਈ ਹੋਰ ਵਿਅਕਤੀ ਅੱਗੇ ਨਹੀ ਆਇਆ। ਉਸ ਤੋ ਬਾਅਦ ਜਨਤਕ ਸੁਣਵਾਈ ਵਿੱਚ ਮੋਜੂਦ ਲੋਕਾਂ ਨੂੰ ਆਪਣੇ ਹੱਥ ਖੜੇ ਕਰਨ ਲਈ ਕਿਹਾ ਗਿਆ ਜ਼ੋ ਕਿ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਹਨ। 44 ਵਿਅਕਤੀਆਂ (ਕੁੱਲ ਮੋਜ਼ੂਦ ਲੋਕਾਂ ਦਾ

81 ਪ੍ਰਤੀਸ਼ਤ) ਵੱਲੋ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਆਪਣੇ ਹੱਥ ਖੜੇ ਕੀਤੇ ਗਏ। 10 ਵਿਅਕਤੀਆਂ ਨੇ ਪ੍ਰੋਜੈਕਟ ਦੇ ਨਿਰਮਾਣ ਦੇ ਵਿਰੋਧ ਵਿੱਚ ਆਪਣੇ ਹੱਥ ਖੜੇ ਕੀਤੇ। ਇਸ ਜਨਤਕ ਸੁਣਵਾਈ ਵਿੱਚ 54 ਵਿਅਕਤੀਆਂ ਵੱਲੋ ਭਾਗ ਲਿਆ ਗਿਆ।

ਜਨਤਕ ਸੁਣਵਾਈ ਸੁਪਰਵਾਈਜ਼ਰ—ਕਮ—ਪ੍ਰਜਾਈਡਿੰਗ ਅਫਸਰ ਅਤੇ ਹਾਜਰ ਵਿਅਕਤੀਆਂ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

| | | |
|---|---|---|
| Rajbirsingh | | |
| **(ਰਾਜਵੀਰ ਸਿੰਘ)** | **(ਰਾਜਪਾਲ ਗਿੱਲ)** | **(ਗੁਰਬੀਰ ਸਿੰਘ ਕੋਹਲੀ)** |
| ਫੰਕਸ਼ਨਲ ਮੈਨੇਜਰ, | ਸਹਾਇਕ ਵਾਤਾਵਰਣ ਇੰਜੀਨੀਅਰ, | ਉਪ-ਮੰਡਲ ਮਜਿਸਟ੍ਰੇਟ, |
| ਜ਼ਿਲ੍ਹਾ ਉਦਯੋਗਿਕ ਸੈਂਟਰ, ਲੁਧਿਆਣਾ। | ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, | ਜਗਰਾਓ। |
| | ਖੇਤਰੀ ਦਫਤਰ —3, ਲੁਧਿਆਣਾ। | |